## ਅਜੀਬੋ ਗਰੀਬ ਖ਼ਬਰਾਂ

## 1.66 ਅਰਬ ਰੁਪਏ ਦਾ ਹੀਰਾ



**ਜੋਹਾਨਸਬਰਗ (ਦੱਖਣੀ ਅਫਰੀਕਾ)**-ਹੀਰਿਆਂ ਦੇ ਸਪਲਾਇਰ ਪੇਟ੍ਰਾ ਡਾਇਮੰਡਜ਼ ਵੱਲੋਂ ਰਿਕਾਰਡ 3.53 ਕਰੋੜ ਡਾਲਰ (ਲੱਗਭੱਗ 1.66 ਅਰਬ ਰੁਪਏ) 'ਚ ਵੇਚਿਆ ਗਿਆ 507 ਕੈਰੇਟ ਦਾ ਹੀਰਾ। ਮੁਰਗੀ ਦੇ ਆਂਡੇ ਦੇ ਆਕਾਰ ਜਿੰਨੇ ਲੱਗਭੱਗ 100 ਗ੍ਰਾਮ ਦੇ ਇਸ ਹੀਰੇ ਨੂੰ ਦੁਨੀਆ ਦੇ ਟਾਪ 20 ਕੱਚੇ ਹੀਰਿਆਂ 'ਚੋਂ ਇੱਕ ਦੇ ਤੌਰ 'ਤੇ ਥਾਂ ਮਿਲੀ ਹੈ।

## ਹੋਰ ਲੈ ਪੰਗਾ



**ਅਮਰੀਕਾ**-ਪ੍ਰੋਫੈਸ਼ਨਲ ਬੁਲ ਫਾਈਟਿੰਗ ਮੁਕਾਬਲੇ ਦੇ ਦੂਜੇ ਦੌਰ 'ਚ ਬ੍ਰਾਜ਼ੀਲ ਦੇ ਗੁਲਹੇਰਮਾ ਮਾਰਚੀ ਨੂੰ ਆਪਣੀ ਪਿੱਠ ਤੋਂ ਉਛਾਲਦਾ ਸਾਨ੍ਹ।

# ਬ੍ਰੈਸਟ ਇੰਪਲਾਂਟ ਨੇ ਬਚਾਈ ਜਾਨ !



**ਵਾਸ਼ਿੰਗਟਨ**-ਜੇ ਤੁਸੀਂ ਸੋਚਦੇ ਹੋ ਕਿ ਬ੍ਰੈਸਟ ਇੰਪਲਾਂਟ (ਛਾਤੀਆਂ ਦਾ ਆਕਾਰ ਵਧਾਉਣ) ਨਾਲ ਕਿਸੇ ਔਰਤ ਦੀ ਸਰੀਰਕ ਸੁੰਦਰਤਾ 'ਚ ਹੀ ਵਾਧਾ ਹੁੰਦਾ ਹੈ, ਤਾਂ ਤੁਹਾਨੂੰ ਆਪਣੀ ਸੋਚ ਬਦਲਣੀ ਪਵੇਗੀ, ਕਿਉਂਕਿ ਲਾਸ ਏਂਜਲਸ ਟਾਈਮਜ਼ ਦੀ ਖ਼ਬਰ ਅਨੁਸਾਰ ਕੈਲੀਫੋਰਨੀਆ 'ਚ ਦੰਦਾਂ ਦੇ ਇੱਕ ਡਾਕਟਰ ਲਈ ਕੰਮ ਕਰਨ ਵਾਲੀ ਲਿਡੀਆ ਕਾਰਾਂਜਾ ਦੀਆਂ ਸਾਈਜ਼ ਡੀ ਸਿਲੀਕਾਨ ਇੰਪਲਾਂਟਸ ਛਾਤੀਆਂ ਨੇ ਉਸ ਵੇਲੇ ਉਸ ਦੀ ਜਾਨ ਬਚਾਈ ਜਦੋਂ ਇੱਕ ਬੰਦੂਕਧਾਰੀ ਨੇ ਉਸ 'ਤੇ ਗੋਲੀ ਚਲਾ ਦਿੱਤੀ ਜੋ ਕਿ ਸਿੱਧੀ ਉਸ ਦੇ ਦਿਲ 'ਤੇ ਲੱਗੀ, ਪਰ ਸਿਲੀਕਾਨ ਨੇ ਗੋਲੀ ਨੂੰ ਉਸ ਦੇ ਸਰੀਰ ਦੇ ਅੰਦਰ ਜਾਣ ਤੋਂ ਰੋਕ ਦਿੱਤਾ। ਸੂਤਰਾਂ ਅਨੁਸਾਰ 3 ਬੱਚਿਆਂ ਦੀ ਮਾਂ ਕਾਰਾਂਜਾ ਨੇ ਕੁਝ ਸਾਲ ਪਹਿਲਾਂ ਹੀ ਆਪ੍ਰੇਸ਼ਨ ਰਾਹੀਂ ਆਪਣੀਆਂ ਛਾਤੀਆਂ ਦਾ ਆਕਾਰ ਵਧਾਇਆ ਸੀ।

## ਪੇਟ ਦਰਦ ਤੋਂ ਪੀੜਤ ਮੁੰਡੇ ਦੇ ਮੂੰਹ 'ਚੋਂ ਨਿਕਲੀਆਂ ਕਿਰਲੀਆਂ

**ਹਰਦੋਈ**-ਉੱਤਰ ਪ੍ਰਦੇਸ਼ ਦੇ ਹਰਦੋਈ ਜ਼ਿਲ੍ਹੇ ਵਿੱਚ ਪੇਟ ਦਰਦ ਤੋਂ ਪੀੜਤ ਇੱਕ ਮੁੰਡੇ ਦੇ ਮੂੰਹ ਵਿੱਚੋਂ ਕਿਰਲੀਆਂ ਨਿਕਲਣ ਦੀ ਘਟਨਾ ਤੋਂ ਡਾਕਟਰ ਹੈਰਾਨ ਹਨ। ਜ਼ਿਲ੍ਹੇ ਦੇ ਕਮਿਊਨਿਟੀ ਹੈਲਥ ਸੈਂਟਰ ਕਛੌਨਾ ਵਿੱਚ ਕੰਮ ਕਰਦੇ ਡਾਕਟਰ ਸੁਦਾਕਰ ਸਿੰਘ ਨੇ ਦੱਸਿਆ ਕਿ 13 ਸਾਲਾ ਮੁਕੇਸ਼ ਨੂੰ ਪੇਟ ਵਿੱਚ ਦਰਦ ਕਾਰਨ ਸਿਹਤ ਕੇਂਦਰ ਵਿੱਚ ਦਾਖ਼ਲ ਕਰਵਾਇਆ ਸੀ। ਦੂਸਰੇ ਦਿਨ ਉਸ ਨੂੰ ਉਲਟੀ ਆਉਣ 'ਤੇ ਉਸ ਦੇ ਮੂੰਹ ਵਿੱਚੋਂ ਕਿਰਲੀ ਨਿਕਲੀ। ਮੁਕੇਸ਼ ਦੇ ਪਿਤਾ ਜੈਪ੍ਰਕਾਸ਼ ਅਨੁਸਾਰ ਇਸ ਤੋਂ ਪਹਿਲਾਂ ਵੀ ਕਈ ਕਿਰਲੀਆਂ ਨਿਕਲ ਚੁੱਕੀਆਂ ਹਨ।

## 12 ਸਾਲਾ ਮੁੰਡੇ ਨਾਲ ਸੈਕਸ ਕਰਨ ਵਾਲੀ ਨੂੰ ਹੋਈ 9 ਸਾਲ ਦੀ ਕੈਦ

**ਲੰਡਨ**-ਇੱਕ ਕੁਆਰੀ ਮਾਂ ਐਂਜੋਲਾ ਸੁਲਿਵਾਨ ਨੂੰ ਇੱਕ 12 ਸਾਲਾ ਮੁੰਡੇ ਨਾਲ 191 ਵਾਰ ਸੈਕਸ ਕਰਨ ਦੇ ਦੋਸ਼ ਵਿੱਚ 9 ਸਾਲ ਲਈ ਜੇਲ੍ਹ ਭੇਜ ਦਿੱਤਾ ਹੈ।

ਇੱਕ ਰਿਪੋਰਟ ਅਨੁਸਾਰ ਇਸ 36 ਸਾਲਾ ਔਰਤ ਨੇ 100 ਵਾਰੀ ਇਸ ਮੁੰਡੇ ਨਾਲ ਸੌਣ ਬਦਲੇ ਤੋਹਫ਼ੇ ਵਜੋਂ ਉਸ ਨੂੰ 'ਟ੍ਰੇਨਰਜ਼ ਦਾ ਜੋੜਾ' ਵੀ ਦਿੱਤਾ ਸੀ।

## ਬ੍ਰਿਟੇਨ 'ਚ ਸਭ ਤੋਂ ਜ਼ਿਆਦਾ ਕਚਰਾ ਕੋਕਾ-ਕੋਲਾ ਦਾ !




**ਲੰਡਨ**-ਬ੍ਰਿਟੇਨ 'ਚ ਸਭ ਤੋਂ ਜ਼ਿਆਦਾ ਕਚਰਾ ਸਾਫਟ ਡ੍ਰਿੰਕ ਕੰਪਨੀ ਕੋਕਾ ਕੋਲਾ ਦਾ ਮਿਲਿਆ ਹੈ। ਇਸ ਗੱਲ ਦਾ ਖੁਲਾਸਾ ਇਕ ਅਧਿਐਨ 'ਚ ਕੀਤਾ ਗਿਆ ਹੈ। ਲਿਟਰ ਹੀਰੋਜ਼ ਵੱਲੋਂ ਕੀਤੇ ਗਏ ਸਰਵੇਖਣ 'ਚ ਪਤਾ ਲੱਗਾ ਹੈ ਕਿ ਬ੍ਰਿਟੇਨ 'ਚ ਸਭ ਤੋਂ ਜ਼ਿਆਦਾ ਕਚਰਾ ਕੋਕਾ-ਕੋਲਾ ਦੇ ਖਾਲੀ ਕੇਨ ਤੇ ਬੋਤਲਾਂ ਦਾ ਮਿਲਿਆ ਹੈ। ਇਹ ਕੁਲ ਕਚਰੇ ਦਾ 4.9 ਫੀਸਦੀ ਸੀ। ਇਸ ਤੋਂ ਬਾਅਦ ਸਭ ਤੋਂ ਜ਼ਿਆਦਾ ਕਚਰਾ ਆਲੂ ਦੇ ਚਟਪਟੇ ਚਿਪਸ ਬਣਾਉਣ ਵਾਲੀ ਕੰਪਨੀ 'ਵਾਲਕਰ ਕ੍ਰਿਸਪ' (4.1 ਫੀਸਦੀ) ਦਾ ਮਿਲਿਆ। ਮੈਕਡੋਨਾਲਡ ਦਾ ਨੰਬਰ ਇਸ ਤੋਂ ਬਾਅਦ ਆਉਂਦਾ ਹੈ, ਜਿਸ ਦਾ ਕੁਲ ਕਚਰੇ 'ਚ ਹਿੱਸਾ 3.4 ਫੀਸਦੀ ਸੀ।

ਕੂੜੇ ਦੀਆਂ ਲੱਗਭੱਗ 7800 ਚੀਜ਼ਾਂ ਦੇ ਵਿਸ਼ਲੇਸ਼ਣ ਤੋਂ ਬਾਅਦ ਇਹ ਨਤੀਜਾ ਕੱਢਿਆ ਗਿਆ। ਇਸ ਕੂੜੇ ਨੂੰ ਪਿੱਛਲੇ ਸਾਲ ਸਤੰਬਰ-ਅਕਤੂਬਰ ਦਰਮਿਆਨ 39 ਸੋਇਮ ਸੇਵਕਾਂ ਨੇ ਮੁੱਖ ਤੌਰ 'ਤੇ ਇੰਗਲੈਂਡ, ਵੇਲਸ ਤੇ ਸਕਾਟਲੈਂਡ ਤੋਂ ਇਕੱਠਾ ਕੀਤਾ ਸੀ।

## ਨਹੀਂ ਨਜ਼ਰ ਆਉਣਗੇ ਸਭ ਤੋਂ ਲੰਮੇ ਵਾਲ



**ਕਾਨ-ਥੋ (ਵੀਅਤਨਾਮ)**-ਚਾਊ ਥਾਨ ਜ਼ਿਲੇ ਦੇ ਟ੍ਰਾਨ ਵਾਨ ਹੇ ਦੀ ਪੁਰਾਣੀ ਫੋਟੋ ਜਿਸ ਦੇ ਵਾਲ 6.2 ਮੀਟਰ ਲੰਮੇ ਹਨ ਅਤੇ ਸੰਭਵ ਤੌਰ 'ਤੇ ਦੁਨੀਆਂ 'ਚ ਸਭ ਤੋਂ ਜ਼ਿਆਦਾ ਲੰਬਾਈ ਵਾਲੇ ਸਨ। ਇਹ ਵਾਲ ਇਕ ਬੋਆ ਸੱਪ ਵਾਂਗ ਲਗਦੇ ਸਨ। 79 ਸਾਲ ਦੀ ਉਮਰ 'ਚ ਹੇ ਦਾ ਕੁਦਰਤੀ ਤੌਰ 'ਤੇ ਦੇਹਾਂਤ ਹੋ ਗਿਆ।

## ਵ੍ਹੇਲ ਨੇ ਮਹਿਲਾ ਟਰੇਨਰ ਨੂੰ ਮਾਰ ਸੁੱਟਿਆ

ਓਰਲੈਂਡੋ (ਅਮਰੀਕਾ)-ਉਰਲੈਂਡੋ ਸਥਿਤੀ ਸੀਵਰਲਡ ਦੀ ਇਕ ਖਤਰਨਾਕ ਵ੍ਹੇਲ ਨੇ ਇਕ ਮਹਿਲਾ ਟਰੇਨਰ ਡਾਨ ਬ੍ਰੈਨਿਊ ਨੂੰ ਆਪਣੇ ਜਬਾੜੇ 'ਚ ਦਬੋਚ ਲਿਆ ਅਤੇ ਦੇਖਦੇ ਹੀ ਦੇਖਦੇ ਉਸ ਨੂੰ ਮਾਰ ਸੁੱਟਿਆ। ਇਸ ਦੌਰਾਨ ਉੱਥੇ ਕਾਫੀ ਗਿਣਤੀ 'ਚ ਲੋਕ ਮੌਜੂਦ ਸਨ। ਇਸ ਘਟਨਾ ਤੋਂ ਘਬਰਾਏ ਹੋਏ ਲੋਕਾਂ ਨੂੰ ਸਟੇਡੀਅਮ 'ਚੋਂ ਤੁਰੰਤ ਬਾਹਰ ਕੱਢਿਆ ਗਿਆ। ਹਮਲੇ ਬਾਰੇ ਕਈ ਵੇਰਵੇ ਸਾਹਮਣੇ ਆ ਰਹੇ ਹਨ। ਸ਼ੇਰਿਫ ਦਫਤਰ ਦਾ ਕਹਿਣਾ ਹੈ ਕਿ ਬ੍ਰੈਨਿਊ ਗਲਤੀ ਨਾਲ ਵ੍ਹੇਲ ਦੇ ਤਲਾਅ 'ਚ ਤਿਲਕ ਗਈ, ਪਰ ਇਕ ਗਵਾਹ ਨੇ ਕਿਹਾ ਕਿ ਵ੍ਹੇਲ ਨੇ ਪਾਣੀ 'ਚੋਂ ਬਾਹਰ ਛਾਲ ਮਾਰੀ ਅਤੇ ਔਰਤ ਨੂੰ ਪਾਣੀ ਦੇ ਅੰਦਰ ਖਿੱਚ ਲਿਆ।



## ਬ੍ਰਿਟੇਨ 'ਚ 9 ਸਾਲਾ ਬੱਚਾ ਬਦਲਵਾਏਗਾ ਲਿੰਗ



**ਲੰਡਨ**-ਬ੍ਰਿਟੇਨ ਵਿੱਚ 9 ਸਾਲਾ ਇੱਕ ਬੱਚਾ ਆਪਣਾ ਲਿੰਗ ਬਦਲਵਾਉਣ ਦੀ ਤਿਆਰੀ ਕਰ ਰਿਹਾ ਹੈ। ਅਜਿਹਾ ਹੋਣ 'ਤੇ ਇਹ ਲਿੰਗ ਬਦਲਵਾਉਣ ਵਾਲਾ ਦੁਨੀਆਂ ਦਾ ਸਭ ਤੋਂ ਘੱਟ ਉਮਰ ਦਾ ਇਨਸਾਨ ਬਣ ਜਾਵੇਗਾ।

ਬ੍ਰਿਟੇਨ ਦੇ ਇੱਕ ਅਖ਼ਬਾਰ ਨੇ ਇੱਕ ਖੁਲਾਸਾ ਕੀਤਾ ਸੀ ਕਿ ਮਿੰਡਲ ਦੇ ਇੱਕ 12 ਸਾਲਾ ਵਿਦਿਆਰਥੀ ਨੇ ਆਪਣੀ ਕਲਾਸ ਵਿੱਚ ਨਵੇਂ ਸੈਸ਼ਨ ਦੀ ਸ਼ੁਰੂਆਤ ਇੱਕ ਕੁੜੀ ਦੇ ਰੂਪ ਵਿੱਚ ਕੀਤੀ, ਪਰ ਬੀਤੇ ਦਿਨੀਂ ਕੀਤੇ ਗਏ ਇੱਕ ਹੋਰ ਖੁਲਾਸੇ ਵਿੱਚ ਕਿਹਾ ਗਿਆ ਹੈ ਕਿ ਲਿੰਗ ਤਬਦੀਲੀ ਕਰਾ ਚੁੱਕੇ 9 ਸਾਲ ਦੇ ਇੱਕ ਵਿਦਿਆਰਥੀ ਦੇ ਸਹਿਪਾਠੀਆਂ ਨੂੰ ਸਕੂਲ ਪ੍ਰਸ਼ਾਸਨ ਨੇ ਦੱਸਿਆ ਕਿ ਉਸ ਨੇ ਸਕੂਲ ਛੱਡ ਦਿੱਤਾ ਹੈ, ਪਰ ਅਗਲੇ ਹੀ ਦਿਨ ਜਦੋਂ ਉਹੀ ਵਿਦਿਆਰਥੀ ਕੁੜੀ ਦੇ ਕੱਪੜਿਆਂ ਵਿੱਚ ਅਤੇ ਆਪਣੇ ਲੰਬੇ ਵਾਲਾਂ ਨੂੰ ਗੁਲਾਬੀ ਰੀਬਨ ਨਾਲ ਬੰਨ੍ਹ ਕੇ ਆਇਆ ਤਾਂ ਸਕੂਲ ਦੇ ਵਿਦਿਆਰਥੀ ਹੈਰਾਨ ਰਹਿ ਗਏ।

## ਚੀਨ ਵਿੱਚ 9 ਸਾਲ ਦੀ ਬੱਚੀ ਮਾਂ ਬਣੀ

**ਬੀਜਿੰਗ-ਚੀਨ** ਵਿੱਚ 9 ਸਾਲ ਦੀ ਇੱਕ ਸਕੂਲੀ ਵਿਦਿਆਰਥਣ ਵੱਲੋਂ ਸਿਹਤਮੰਦ ਬੱਚੇ ਨੂੰ ਜਨਮ ਦੇਣ ਦਾ ਮਾਮਲਾ ਸਾਹਮਣੇ ਆਉਣ 'ਤੇ ਘੱਟ ਉਮਰ ਦੀਆਂ ਬੱਚੀਆਂ ਵੱਲੋਂ ਮਾਂ ਬਣਨ ਦੇ ਮਾਮਲਿਆਂ ਨੂੰ ਲੈ ਕੇ ਸਰਕਾਰ ਨੇ ਕਾਰਨਾਂ ਦੀ ਪੜਤਾਲ ਵੀ ਸ਼ੁਰੂ ਕਰ ਦਿੱਤੀ ਹੈ।